# ਪਰਖ ਸਰਵੇਖਣ ਵਿੱਚ ਵਰਤੀ ਜਾਣ ਵਾਲੀ ਪ੍ਰਸ਼ਨਾਵਲੀ

- ਪਰਖ ਸਰਵੇਖਣ 2024 ਵਿੱਚ ਹੇਠ ਲਿਖੇ ਅਨੁਸਾਰ ਪ੍ਸ਼ਨਾਵਲੀਆਂ ਦੀ ਵਰਤੋਂ ਕੀਤੀ ਜਾਣੀ ਹੈ:

  Pupil Questionnaire (PQ),

  Teacher Questionnaire (TQ) ਅਤੇ

  School Questionnaire (SQ)

- ਇਹ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਪਿਛੋਕੜ ਸਬੰਧੀ ਜਾਣਕਾਰੀ (ਡਾਟਾ) ਜਿਵੇਂ ਕਿ ਘਰ ਵਿੱਚ ਮੈਂਬਰਾਂ ਦੀ ਗਿਣਤੀ ਉਨ੍ਹਾਂ ਦੀ ਵਿੱਦਿਅਕ ਯੋਗਤਾ ਆਦਿ ਇੱਕਤਰ ਕਰਨ ਲਈ ਤਿਆਰ ਕੀਤੇ ਗਏ ਹਨ।

# ਵਿਦਿਆਰਥੀ ਪ੍ਰਸ਼ਨਾਵਲੀ (PQ)

ਇਸ ਪ੍ਰਸ਼ਨਾਵਲੀ ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੇ ਨਾਲ਼-ਨਾਲ਼ ਜਮਾਤ ਵਿੱਚ ਕਰਵਾਈਆਂ ਜਾਂਦੀਆਂ ਅਭਿਆਸਾਂ ਅਤੇ ਸਮੁੱਚੇ ਸਕੂਲ ਦੇ ਤਜ਼ਰਬੇ ਬਾਰੇ (ਫੀਡਬੈਕ) ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ।

# ਉਦਾਹਰਣ :

- ਤੁਹਾਡੇ ਕਿੰਨੇ ਭਰਾ ਅਤੇ ਭੈਣਾਂ ਹਨ?

1. ਕੋਈ ਨਹੀਂ
2. ਇੱਕ
3. ਦੋ ਜਾਂ ਤਿੰਨ
4. ਚਾਰ ਜਾਂ ਪੰਜ
5. ਛੇ ਜਾਂ ਵੱਧ।

- ਤੁਸੀਂ ਆਮ ਤੌਰ ’ਤੇ ਆਪਣੇ ਸਕੂਲ ਵਿੱਚ ਕਿਵੇਂ ਜਾਂਦੇ ਹੋ?

1. ਪੈਦਲ
2. ਸਾਈਕਲ ਦੁਆਰਾ
3. ਜਨਤਕ ਆਵਾਜਾਈ (ਬੱਸ/ ਰੇਲਗੱਡੀ/ ਮੈਟਰੋ) ਦੁਆਰਾ।
4. ਮੇਰਾ ਸਕੂਲ ਟਰਾਂਸਪੋਰਟ ਪ੍ਰਦਾਨ ਕਰਦਾ ਹੈ
5. ਮੈਂ ਆਪਣੇ ਖ਼ੁਦ ਦੇ ਆਵਾਜਾਈ ਦੇ ਸਾਧਨ ਦੀ ਵਰਤੋਂ ਕਰਦਾ ਹਾਂ: ਦੋ/ਤਿੰਨ-ਪਹੀਆ ਵਾਹਨ
6. ਮੈਂ ਆਪਣੇ ਖ਼ੁਦ ਦੇ ਆਵਾਜਾਈ ਦੇ ਸਾਧਨ ਦੀ ਵਰਤੋਂ ਕਰਦਾ ਹਾਂ: ਚਾਰ-ਪਹੀਆ ਵਾਹਨ

- ਤੁਹਾਡੇ ਕਿੰਨੇ ਭਰਾ ਅਤੇ ਭੈਣਾਂ ਹਨ?

1. ਕੋਈ ਨਹੀਂ
2. ਇੱਕ
3. ਦੋ ਜਾਂ ਤਿੰਨ
4. ਚਾਰ ਜਾਂ ਪੰਜ
5. ਛੇ ਜਾਂ ਵੱਧ।

- ਤੁਹਾਡੇ ਘਰ ਵਿੱਚ ਕਿੰਨੀਆਂ ਕਿਤਾਬਾਂ (ਪਾਠ-ਪੁਸਤਕਾਂ ਤੋਂ ਇਲਾਵਾ) ਹਨ?

1. ਕੋਈ ਕਿਤਾਬਾਂ ਨਹੀਂ
2. ਕੁੱਝ ਕਿਤਾਬਾਂ (1-10)
3. ਇੱਕ ਸ਼ੈਲਫ ਭਰਨ ਲਈ ਕਾਫ਼ੀ ਹੈ (11-25)
4. ਕਿਤਾਬਾਂ ਦੀ ਇੱਕ ਅਲਮਾਰੀ ਭਰਨ ਲਈ ਕਾਫ਼ੀ ਹੈ (26-100)
5. ਕਿਤਾਬਾਂ ਦੀਆਂ ਕਈ ਅਲਮਾਰੀਆਂ (100 ਤੋਂ ਵੱਧ) ਭਰਨ ਲਈ ਕਾਫ਼ੀ ਹੈ।

# ਅਧਿਆਪਕ ਪ੍ਰਸ਼ਨਾਵਲੀ (TQ)

- ਇਹ ਪਸ਼ਨਾਵਲੀ ਅਧਿਆਪਕਾਂ ਦੇ ਪਿਛੋਕੜ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਤਿਆਰ ਕੀਤੀ ਗਈ ਹੈ।
- ਇਸਦਾ ਉਦੇਸ਼ ਦੇਸ ਵਿੱਚ ਵਿੱਦਿਅਕ ਪ੍ਣਾਲੀ ਦੀ ਸਿਹਤ ਨੂੰ ਸਮਝਣਾ ਹੈ। ਇਕੱਤਰ ਕੀਤੀ ਜਾਣਕਾਰੀ ਦੀ ਵਰਤੋਂ ਅਧਿਆਪਕਾਂ ਦੀ ਸਕਲ ਵਿੱਚ ਕਾਰੁਜ਼ਗਾਰੀ ਨਾਲ਼ ਸਬੰਧਤ ਵੱਖ-ਵੱਖ ਪਹਿਲੂਆਂ ਦਾ ਮੁਲਾਂਕਣ ਕਰਨ ਲਈ ਕੀਤੀ ਜਾਵੇਗੀ।

# ਉਦਾਹਰਣ:

- ਕੀ ਤੁਹਾਡੀ ਮਾਂ-ਬੋਲੀ ਅਤੇ ਹਦਾਇਤਾਂ ਦੀ ਭਾਸ਼ਾ ਇੱਕੋ ਹੈ?
  1. ਹਾਂ
  2. ਨਹੀਂ।

- ਕੀ ਤੁਸੀਂ ਉਹੀ ਵਿਸ਼ਾ ਪੜ੍ਹਾ ਰਹੇ ਹੋ ਜੋ ਤੁਸੀਂ ਆਪਣੇ ਬੀ.ਏ (ਗ੍ਰੈਜੂਏਸ਼ਨ) ਜਾਂ ਐਮ.ਏ (ਪੋਸਟ ਗ੍ਰੈਜੂਏਸ਼ਨ) ਦੌਰਾਨ ਪੜ੍ਹਿਆ ਸੀ?
  1. ਹਾਂ
  2. ਨਹੀਂ।

- ਤੁਹਾਡੀ ਵਿੱਦਿਅਕ ਯੋਗਤਾ ਕੀ ਹੈ?
  1. ਸੈਕੰਡਰੀ
  2. ਹਾਇਰ ਸੈਕੰਡਰੀ
  3. ਬੀ.ਏ (ਗ੍ਰੈਜੂਏਸ਼ਨ)
  4. ਐਮ.ਏ (ਪੋਸਟ-ਗ੍ਰੈਜੂਏਸ਼ਨ)
  5. ਐੱਮ.ਫਿਲ., ਪੀ.ਐੱਚ.ਡੀ.

- ਤੁਸੀਂ ਆਪਣੇ ਸਕੂਲ ਵਿੱਚ 'ਵਿਦਿਆਰਥੀਆਂ ਦੇ ਸਿੱਖਣ ਲਈ ਮਾਪਿਆਂ ਦੀ ਸਹਾਇਤਾ' ਨੂੰ ਕਿਵੇਂ ਦਰਜ ਕਰੋਗੇ?

  **1.** ਘੱਟ

  **2.** ਮੱਧਮ

  **3.** ਉੱਚਾ।

## ਸਕੂਲ ਪ੍ਰਸ਼ਨਾਵਲੀ (SQ)

ਇਸ ਪ੍ਰਸ਼ਨਾਵਲੀ ਦਾ ਉਦੇਸ਼ ਸਕੂਲ ਦੇ ਪਿਛੋਕੜ ਬਾਰੇ ਜਾਣਕਾਰੀ ਇਕੱਠੀ ਕਰਨਾ, ਵਿੱਦਿਅਕ ਪਣਾਲੀ ਦੀ ਸਿਹਤ ਦਾ ਮੁਲਾਂਕਣ ਕਰਨਾ ਅਤੇ ਸੁਧਾਰ ਲਈ ਸਬੰਧਤ ਖੇਤਰ ਦੀ ਪਛਾਣ ਕਰਨਾ ਹੈ।

# ਉਦਾਹਰਣ:

- ਕੀ ਸਕੂਲ ਨਿਯਮਿਤ ਤੌਰ 'ਤੇ ਮਾਪਿਆਂ/ਸਰਪ੍ਰਸਤਾਂ ਨਾਲ਼ ਗੱਲਬਾਤ ਦੇ ਰਿਕਾਰਡ ਨੂੰ ਦਰਜ ਕਰਦਾ ਹੈ/ ਅਧਿਆਪਕਾਂ ਨੂੰ ਉਤਸ਼ਾਹਿਤ ਕਰਦਾ ਹੈ?
  1. ਹਾਂ
  2. ਨਹੀਂ।

- ਕੀ ਅਧਿਆਪਕ ਪੀਅਰ-ਅਬਜ਼ਰਵੇਸ਼ਨ/ ਲਰਨਿੰਗ (ਪਾਠ ਯੋਜਨਾਵਾਂ, ਮੁਲਾਂਕਣ ਯੰਤਰਾਂ, ਪਾਠਾਂ ਦੇ) ਵਿੱਚ ਸ਼ਾਮਲ ਹੁੰਦੇ ਹਨ?
  1. ਹਾਂ
  2. ਨਹੀਂ।

- ਕੀ ਤੁਸੀਂ ਅਧਿਆਪਕਾਂ ਦੀ ਵਿਦਿਆਰਥੀਆਂ ਨਾਲ਼ ਸੰਬੰਧਿਤ ਉਹਨਾਂ ਦੀਆਂ ਵਿੱਦਿਅਕ ਕੋਸ਼ਸ਼ਾ ਅਤੇ ਸਮਾਜਿਕ-ਭਾਵਨਾਤਮਿਕ ਮੁੱਦਿਆਂ ਦੀ ਨਿਗਰਾਨੀ ਅਤੇ ਸਹਿਯੋਗ ਕਰਦੇ ਹੋ?
  1. ਹਾਂ
  2. ਨਹੀਂ।

# PQ, TQ & SQ ਭਰਨ ਦੀ ਪ੍ਰਕਿਰਿਆ

- Pupil Questionnaire (PQ) ਵਿਦਿਆਰਥੀ ਦੁਆਰਾ ਭਰੀ ਜਾਣੀ ਹੈ। ਸਿਰਫ਼ ਜਮਾਤ 3 ਦੇ ਵਿਦਿਆਰਥੀ ਹੀ ਫੀਲਡ ਇਨਵੈਸਟੀਗੇਟਰ/ਆਬਜ਼ਰਵਰ ਦੀ ਮਦਦ ਲੈ ਸਕਦੇ ਹਨ।
- Teacher Questionnaire (TQ) ਅਤੇ School Questionnaire (SQ) ਅਧਿਆਪਕਾਂ ਅਤੇ ਸਕੂਲ ਮੁੱਖੀਆਂ ਵੱਲੋਂ ਫੀਲਡ ਇਨਵੈਸਟੀਗੇਟਰ/ਆਬਜ਼ਰਵਰ ਦੀ ਹਾਜ਼ਰੀ ਵਿੱਚ ਆਪ ਹੀ ਭਰਨੇ ਹਨ।